# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈੱਸ ਨੋਟ

ਪੰਜਾਬ ਰਾਜ ਦੇ ਸਮੂਹ ਪ੍ਰੀਖਿਆਰਥੀ, ਜਿਨ੍ਹਾਂ ਨੇ ਮਾਰਚ 2018 ਦੌਰਾਨ ਪੰਜਾਬ ਸਕੂਲ ਸਿੱਖਿਆ ਬੋਰਡ ਅਧੀਨ ਦਸਵੀਂ ਅਤੇ ਬਾਰਵੀਂ ਦੀ ਪ੍ਰੀਖਿਆ ਦਿੱਤੀ ਸੀ ਲਈ ਬਹੁਤ ਵੱਡੀ ਖੁਸ਼ਖਬਰੀ ਹੈ ਕਿ ਬੋਰਡ ਵੱਲੋਂ ਵਿਸ਼ੇਸ਼ ਉਪਰਾਲਾ ਕਰਦੇ ਹੋਏ ਸੈਸ਼ਨ ਮਾਰਚ 2018 ਤੋਂ ਪ੍ਰੀਖਿਆਰਥੀਆਂ ਦੇ ਡਿਜੀਟਲ ਸਰਟੀਫਿਕੇਟ ਡਿਜੀਲਾਕਰ ਨਾਲ ਲਿੰਕ ਕਰ ਦਿੱਤੇ ਗਏ ਹਨ। ਬੋਰਡ ਵੱਲੋਂ ਪ੍ਰੀਖਿਆਰਥੀਆਂ ਨੂੰ ਉਹਨਾਂ ਦਾ ਅਸਲ ਸਰਟੀਫਿਕੇਟ ਤਾਂ ਪਹਿਲਾਂ ਦੀ ਤਰ੍ਹਾਂ ਭੇਜਿਆ ਜਾ ਚੁੱਕਾ ਹੈ ਪ੍ਰੰਤੂ ਇਸਦੇ ਨਾਲ ਹੀ ਪ੍ਰੀਖਿਆਰਥੀ ਹੁਣ ਡਿਜੀਲਾਕਰ ਰਾਹੀਂ ਆਪਣਾ ਡਿਜੀਟਲ ਸਰਟੀਫਿਕੇਟ ਵੀ ਪ੍ਰਾਪਤ ਕਰ ਸਕਦੇ ਹਨ। ਇਸ ਵਾਸਤੇ ਪ੍ਰੀਖਿਆਰਥੀ ਵੱਲੋਂ https://digilocker.gov.in ਵੈੱਬ ਸਾਈਟ ਤੇ ਜਾਕੇ ਜਾਂ ਡਿਜੀਲਾਕਰ ਦੀ Mobile APP ਤੇ ਰਜਿਸਟਰ ਕਰਨਾ ਪਵੇਗਾ ਅਤੇ ਲਾਗਇਨ ਕਰਨ ਉਪਰੰਤ ਆਪਣਾ ਰੋਲ ਨੰ., ਕਲਾਸ ਅਤੇ ਸਾਲ ਦਰਜ ਕਰਕੇ ਆਪਣਾ ਡਿਜੀਟਲ ਸਰਟੀਫਿਕੇਟ ਡਾਊਨਲੋਡ ਕਰ ਸਕਦੇ ਹਨ। ਡਿਜੀਲਾਕਰ ਲਈ ਪ੍ਰੀਖਿਆਰਥੀ ਦਾ ਅਧਾਰ ਕਾਰਡ ਨੰਬਰ ਹੋਣਾ ਲਾਜ਼ਮੀ ਹੈ।

ਸਕੱਤਰ।